# ਦਫਤਰ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.),ਤਰਨ ਤਾਰਨ

ਪੱਤਰ ਨੰ:ਸਸਅ/19/ਆਰ.ਟੀ.ਈ.- 982-83 ਮਿਤੀ: 06/06/19

ਦੂਨ ਪਬਲਿਕ ਸਕੂਲ,ਆਸਲ, ਬਲਾਕ ਪੱਟੀ , ਤਰਨ ਤਾਰਨ ਨੂੰ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ 2009 ਦੀ ਧਾਰਾ 18 ਅਤੇ ਪੰਜਾਬ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2011 ਦੇ ਨਿਯਮ 11 ਅਧੀਨ, ਨਿਰੀਖਕ ਅਧਿਕਾਰੀਆ ਪਾਸੋ ਪ੍ਰਾਪਤ ਰਿਪੋਰਟ ਦੇ ਆਧਾਰ ਤੇ ਮਾਨਯੋਗ ਡੀ.ਜੀ.ਐਸ.ਈ ਪੰਜਾਬ ਜੀ ਵਲੋਂ ਜਾਰੀ ਪੱਤਰ ਨੰ: ਡੀ.ਜੀ.ਐਸ.ਈ/ਆਰ.ਟੀ.ਈ/2016/1276-78 ਮਿਤੀ 25-01-2016 ਦੀਆਂ ਹਦਾਇਤਾਂ ਅਨੁਸਾਰ ਜਮਾਤ ਪ੍ਰੀ-ਪ੍ਰਾਇਮਰੀ ਤੋਂ ਅਠਵੀਂ ਤੱਕ ਹੇਠ ਲਿਖੀਆ ਸ਼ਰਤਾਂ ਤਹਿਤ ਮਾਨਤਾ ਦਿੱਤੀ ਜਾਂਦੀ ਹੈ:-

1. ਸੰਸਥਾ/ ਸਕੂਲ ਕੋਈ ਕੈਪੀਟੇਸ਼ਨ ਫੀਸ ਨਹੀ ਲਵੇਗਾ ਅਤੇ ਨਾ ਹੀ ਬੱਚੇ ਜਾਂ ਉਸ ਦੇ ਮਾਤਾ ਪਿਤਾ ਜਾਂ ਸਰਪ੍ਰਸਤ ਦੀ ਛਾਂਟੀ ਦਾ ਕੋਈ ਤਰੀਕਾ ਅਪਣਾਏਗਾ।
2. ਸਕੂਲ ਕਿਸੇ ਬੱਚੇ ਨੂੰ ਜਨਮ ਦਾ ਸਬੂਤ ਨਾ ਹੋਣ ਕਾਰਨ ਜਾਂ ਜੇਕਰ ਬੱਚੇ ਵਲੋਂ ਦਾਖਲਾ ਲੈਣ ਲਈ ਬਾਅਦ ਵਿੱਚ ਵਧਾਏ ਗਏ ਸਮੇਂ ਦੋਰਾਨ ਪਹੁੰਚ ਕੀਤੀ ਜਾਂਦੀ ਹੈ ਜਾਂ ਧਰਮ/ਜਾਤੀਵਾਦ/ਜਨਮ ਸਥਾਨ ਜਾਂ ਹੋਰ ਕੋਈ ਕਾਰਨ ਕਰਕੇ ਦਾਖਲੇ ਤੋਂ ਇਨਕਾਰ ਨਹੀਂ ਕਰੇਗਾ ਅਤੇ ਐਕਟ ਦੀ ਧਾਰਾ 15 ਦੇ ਉਪਬੰਧਾਂ ਦੀ ਪਾਲਣਾ ਕਰੇਗਾ।
3. ਸਕੂਲ ਵਲੋਂ ਕਿਸੇ ਵੀ ਦਾਖਲ ਕੀਤੇ ਬੱਚੇ ਨੂੰ ਕਲਾਸ ਵਿੱਚ ਵਾਪਿਸ ਨਹੀਂ ਰੱਖਿਆ ਜਾਵੇਗਾ ਜਾਂ ਸਕੂਲ ਵਿਚੋਂ ਕੱਢਿਆ ਨਹੀਂ ਜਾਵੇਗਾ ਜਦੋਂ ਤੱਕ ਕਿ ਉਸ ਦੀ ਮੁਢਲੀ ਸਿੱਖਿਆ ਪੂਰੀ ਨਹੀਂ ਹੋ ਜਾਂਦੀ।
4. ਸਕੂਲ ਵਲੋਂ ਕਿਸੇ ਵੀ ਬੱਚੇ ਨੂੰ ਸਰੀਰਕ ਦੰਡ ਜਾਂ ਮਾਨਸਿਕ ਪ੍ਰੇਸ਼ਾਨੀ ਨਹੀਂ ਦਿੱਤੀ ਜਾਵੇਗੀ।
5. ਸਕੂਲ ਵਲੋਂ ਹਰ ਇੱਕ ਬੱਚੇ ਨੂੰ ਜਿਸ ਨੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਲਈ ਹੈ , ਨੂੰ ਨਿਯਮ 21 ਅਨੁਸਾਰ ਪ੍ਰਮਾਣ ਪੱਤਰ ਦਿੱਤਾ ਜਾਵੇਗਾ।
6. ਸਕੂਲ ਸਮੇਂ ਸਮੇਂ ਤੇ ਬਿਲਡਿੰਗ ਸੇਫਟੀ,ਫਾਇਰ ਸੇਫਟੀ ਅਤੇ ਪਾਣੀ ਦੀ ਸਵੱਛਤਾ ਸਬੰਧੀ ਸਰਟੀਫਿਕੇਟ ਅਤੇ ਹੋਰ ਲੋੜੀਂਦੇ ਦਸਤਾਵੇਜਾਂ ਦੀ ਮਿਆਦ ਖਤਮ ਹੋਣ ਉਪਰੰਤ ਨਵੀਨੀਕਰਨ ਕਰਵਾਏਗਾ ਅਤੇ ਇਸ ਦੀ ਕਾਪੀ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ), ਤਰਨ ਤਾਰਨ ਵਿਖੇ ਜਮਾਂ ਕਰਵਾਏਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਕੂਲ ਵਿਰੁੱਧ ਮਾਨਤਾ ਰੱਦ ਕਰਨ ਸੰਬੰਧੀ ਆਰ.ਟੀ.ਈ ਐਕਟ ਅਤੇ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।
7. ਸਕੂਲ ਦੀ ਇਮਾਰਤ ਜਾਂ ਹੋਰ ਢਾਂਚਾ ਜਾਂ ਮੈਦਾਨ ਕੇਵਲ ਪੜ੍ਹਾਈ ਜਾਂ ਯੋਗਤਾ ਵਿਕਾਸ ਲਈ ਹੀ ਵਰਤੇ ਜਾਣਗੇ ਅਤੇ ਇਮਾਰਤ ਅੰਦਰ ਜਾਂ ਇਸਦੇ ਬਾਹਰ ਕੋਈ ਵੀਂ ਗੈਰ ਮਾਨਤਾ ਜਮਾਤ ਨਹੀਂ ਚਲਾਈ ਜਾਵੇਗੀ।
8. ਅਧਿਆਪਕਾਂ ਲਈ ਇਹ ਜਰੂਰੀ ਹੈ ਕਿ ਉਹ ਧਾਰਾ 23 (1) ਅਨੁਸਾਰ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਹੋਣ।
9. ਸਕੂਲ ਸਿੱਖਿਆ ਵਿਭਾਗ ਵਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰੇਗਾ। ਬਾਕੀ ਸ਼ਰਤਾਂ ਪਹਿਲਾਂ ਜਾਰੀ ਕੀਤੇ ਗਏ ਆਰਜੀ ਸਰਟੀਫਿਕੇਟ ਅਨੁਸਾਰ ਹੀ ਹੋਣਗੀਆਂ। ਸਕੂਲ ਦਾ ਮਾਨਤਾ ਪ੍ਰਾਪਤ ਕੋਡ ਨੰਬਰ ਆਰ.ਟੀ.ਈ.ਤਰਨ ਤਾਰਨ-19080402 ਹੋਵੇਗਾ।
10. ਸਕੂਲ/ਸੰਸਥਾ ਆਰ.ਟੀ.ਈ ਐਕਟ 2009 ਦੀਆਂ ਸਾਰੀਆਂ ਸ਼ਰਤਾਂ ਅਤੇ ਨਿਯਮਾਂ ਨੂੰ ਲਾਗੂ ਕਰਨ ਦਾ ਪਾਬੰਧ ਹੋਵੇਗਾ। ਜੇਕਰ ਸਕੂਲ/ਸੰਸਥਾ ਆਰ.ਟੀ.ਈ ਐਕਟ ਦੇ ਕਿਸੇ ਵੀ ਧਾਰਾ/ਨਿਯਮ ਜਾਂ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਸਕੂਲ ਦੀ ਮਾਨਤਾ ਰੱਦ ਕਰ ਦਿੱਤੀ ਜਾਵੇਗੀ ।

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ),
ਤਰਨ ਤਾਰਨ। ਸ/ਦ

ਪਿੱਠ ਅੰਕਣ ਨੰ: ਸਮ/ ਮਿਤੀ: 06/06/19

ਉਤਾਰਾ:-

1. ਮੈਨੇਜਰ / ਚੇਅਰਮੈਨ / ਪ੍ਰਧਾਨ, ਦੂਨ ਪਬਲਿਕ ਸਕੂਲ,ਆਸਲ, ਬਲਾਕ ਪੱਟੀ,ਤਰਨ ਤਾਰਨ ।
2. ਬਲਾਕ ਐਲੀਮੈਂਟਰੀ ਸਿੱਖਿਆ ਅਫਸਰ,ਪੱਟੀ।

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ),
ਤਰਨ ਤਾਰਨ। ਸ/ਦ

# OFFICE OF DISTT. EDU. OFFICER (E.E), TARN TARAN.

Letter No.SSA/2016/R.T.E-075 Dated 06.06.2019

The approval for Pre-primary to 8th standard is being given to Doon Public School, Assal Mourh, Patti, Block Patti, Tarn Taran, under the free & compulsory education of children Rights Act, 2009 Rule 18 and under rule 11 of free & compulsory education of children Punjab rule, 2011 and 11 and on the basis of inspection report of officials and as per letter No.D.G.S.E/R.T.E/2016/1276-78 dated 25.01.2016 issued by the Hon'ble D.G.S.E. Punjab, as per following terms and conditions :-

1. The institution / school shall not charge any capitation fee nor will adopt any mode of sort.
2. Due to non availability of birth proof of any child or on approach of any child for extension of date of admission or due to religious/caste/place of birth or due to any other reason, the school shall not refuse regarding the same and will comply the rule 15 of the Act.
3. None of any child admitted shall not keep return to the class by the school and shall not expel from the school until completion of his preliminary education.
4. School shall not punish any child physically and not to harass mentally.
5. School will issue the certificate as per rule 21 to every child to the effect that he has completed his preliminary education.
6. School shall be bound to renew the certificates of building safety certificate, fire safety certificate and any other requisite documents on completion of its validity and its copy will be deposited in the office of District Education Officer [E.E] Tarn Taran and if the concerned school fails to do so, then the action will be taken against the school for cancellation of its approval / affiliation as per R.T.E. Act and norms.

NOTARY
Anjana Kumari
Sub. Division Patti
Distt. Tarn Taran
Reg. No. 6719
GOVT. OF INDIA

Attested to be true copy of documents
Produced Translated from Punjabi
to English

Notary Public for Sub Division Patti
Distt. Tarn Taran Pb

7. The building of school, any other structure and play ground will only be used for education and education development and inside or outside this building, none of the non approved class will be started.
8. It is mandatory for the teachers that they must be fulfilled all the educational qualifications as per rule 23 (1).
9. School shall be complied all the terms and conditions to be issued by the education department and the remaining terms and conditions will be same regarding earlier temporary certificate. The approved code number of the school shall be R.T.E. Tarn Taran-16080402.
10. School / Institution will be bound to implement all the rules, terms and conditions of R.T.E. Act. 2009. If the concerned school / institution found the violation of any directions issued under R.T.E. Act or any rule / norms, then the approval/affiliation of school shall be cancelled.

Sd/- in English.
District Edu. Officer [Ele.E]
Tarn Taran.

Endst. No.SM Dated 06.06.2019

Copy to :

1. Manager / Chairman / President, Doon Public School, Assal Mourh, Patti.
2. Block Elementary Education Officer, Block Patti.

Sd/- in English.
District Edu. Officer [Ele.E]
Tarn Taran.

NOTARY
Anjana Kumari
Sub. Division Patti
Distt. Tarn Taran
Reg. No. 6719
GOVT. OF INDIA

TRUE TRANSLATION

Attested to be true copy of documents
Produced Translated from Punjabi
to English

Notary Public for Sub Division Patti
Distt. Tarn Taran Pb